ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ,ਸਿੱਖਿਆ ਵਿਭਾਗ (ਸੈ:ਸਿ/ਐਸਿ), ਪੰਜਾਬ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।
3. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ: 11/49/2012-2ਸਿ4/10406-456
ਮਿਤੀ, ਚੰਡੀਗੜ੍ਹ:26.12.2012

ਵਿਸ਼ਾ:- ਅਧਿਕਾਰੀਆਂ/ਕਰਮਚਾਰੀਆਂ ਵਲੋਂ ਮਿਤੀ 31 ਅਕਤੂਬਰ 2012 ਨੂੰ ਰਿਟਾਇਰਮੈਂਟ ਹੋਣ ਤੋਂ ਬਾਅਦ ਸੇਵਾ ਵਿਚ ਇੱਕ ਸਾਲ ਦਾ ਵਾਧਾ ਲੈਣ ਬਾਰੇ।

***

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਇਹ ਆਮ ਵੇਖਣ ਵਿਚ ਆਇਆ ਹੈ ਕਿ ਪੰਜਾਬ ਰਾਜ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਕਈ ਸਰਕਾਰੀ ਅਧਿਕਾਰੀ/ਕਰਮਚਾਰੀ ਆਪਣੀ ਸੇਵਾ ਨਿਵਿਰਤੀ ਉਪਰੰਤ ਸਰਕਾਰ ਦੇ ਪੱਤਰ ਨੰਬਰ 22/2/2012-3ਐਫ.ਪੀ.2/475 ਮਿਤੀ 8 ਅਕਤੂਬਰ 2012 ਅਨੁਸਾਰ ਆਪਣੀ ਮਰਜੀ ਨਾਲ ਬਿਨ੍ਹਾਂ ਸਰਕਾਰ ਦੀ ਪੂਰਵ ਪ੍ਰਵਾਨਗੀ ਦੇ ਲਗਾਤਾਰ ਸੇਵਾ ਕਰਦੇ ਰਹਿੰਦੇ ਹਨ ਅਤੇ ਕੇਸ ਸਮਰੱਥ ਅਧਿਕਾਰੀ ਪਾਸ ਪ੍ਰਵਾਨਗੀ ਲਈ ਸੇਵਾ ਨਿਵਿਰਤੀ ਦੀ ਮਿਤੀ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਕੇਸਾਂ ਵਿਚ ਫੈਸਲਾ ਮਾਨਯੋਗ ਸਿੱਖਿਆ ਮੰਤਰੀ ਜੀ ਦੇ ਪੱਧਰ ਤੇ ਹੋਣਾ ਹੈ, ਉਹ ਕੇਸ ਮੈਰਿਟ ਅਤੇ ਪਹਿਲ ਦੇ ਆਧਾਰ ਤੇ ਹੇਠ ਲਿਖੇ ਦਸਤਾਵੇਜ/ਸੂਚਨਾ ਸਮੇਤ ਸਰਕਾਰ ਨੂੰ ਭੇਜੇ ਜਾਣ:-

1. ਕੀ ਕਰਮਚਾਰੀ/ਅਧਿਕਾਰੀ ਦੇ ਖਿਲਾਫ ਕੋਈ ਪੜਤਾਲ ਤਾਂ ਨਹੀਂ ਚੱਲ ਰਹੀ?
2. ਕੀ ਕਰਮਚਾਰੀ/ਅਧਿਕਾਰੀ ਨੂੰ ਨੌਕਰੀ ਦੌਰਾਨ ਕੋਰਟ ਜਾਂ ਵਿਭਾਗ ਵਲੋਂ ਕੋਈ ਸਜਾ ਤਾ ਨਹੀਂ ਦਿੱਤੀ ਗਈ?
3. ਕੀ ਕਰਮਚਾਰੀ/ਅਧਿਕਾਰੀ ਨੇ ਆਪਣੇ ਜੀ.ਪੀ.ਫੰਡ ਵਿਚੋਂ 90 ਪ੍ਰਤੀਸਤ ਰਕਮ ਤਾਂ ਨਹੀਂ ਕਢਵਾਈ?
4. ਕਰਮਚਾਰੀ/ਅਧਿਕਾਰੀ ਦਾ ਪਿਛਲੇ ਤਿੰਨ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦਾ ਵਿਵਰਣ।

ਇਸ ਤੋਂ ਇਲਾਵਾ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਵੀ

ਅਧਿਕਾਰੀ/ਕਰਮਚਾਰੀ ਵਾਧੇ ਦੀ ਪ੍ਰਵਾਨਗੀ ਤੋਂ ਬਗੈਰ ਆਪਣੀ ਸੇਵਾ ਜਾਰੀ ਨਹੀਂ ਰੱਖੇਗਾ। ਸੇਵਾ ਵਿਚ ਵਾਧਾ ਲੈਣ ਵਾਲਾ ਹਰ ਇੱਕ ਅਧਿਕਾਰੀ/ਕਰਮਚਾਰੀ ਇਹ ਹਲਫੀਆ ਬਿਆਨ ਆਪਣੀ ਪ੍ਰਤੀਬੇਨਤੀ ਦੇ ਨਾਲ ਦੇਵੇਗਾ ਕਿ ਜੇਕਰ ਉਸਦਾ ਸੇਵਾ ਵਿਚ ਵਾਧੇ ਸਬੰਧੀ ਕੇਸ ਸਰਕਾਰ ਵਲੋਂ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਉਹ ਸੇਵਾ ਨਿਵਿਰਤੀ ਦੀ ਮਿਤੀ ਤੋਂ ਕੇਸ ਰੱਦ ਹੋਣ ਦੀ ਮਿਤੀ ਤੱਕ ਕੋਈ ਤਨਖਾਹ ਆਦਿ ਕਲੇਮ ਨਹੀਂ ਕਰੇਗਾ। ਜੇਕਰ ਉਹ ਸੇਵਾ ਵਿਚ ਲਗਾਤਾਰ ਪ੍ਰਵਾਨਗੀ ਤੋਂ ਬਗੈਰ ਰਹਿੰਦਾ ਹੈ ਤਾਂ ਉਹ ਆਪਣੇ ਰਿਸਕ ਤੇ ਕੰਮ ਕਰੇਗਾ।

3. ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਇਨ-ਬਿਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਸਹੀ/-

ਵਧੀਕ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ:11/49/2012-2ਸਿ4/10457 ਮਿਤੀ,ਚੰਡੀਗੜ੍ਹ:26.12.2012

ਇਸਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਸਰਵ ਸਿੱਖਿਆ ਅਭਿਆਨ ਦੀ ਵੈਬਸਾਈਟ ਤੇ ਅੱਪਲੋਡ ਕਰ ਦਿੱਤਾ ਜਾਵੇ।

ਸਹੀ/-

ਵਧੀਕ ਸਕੱਤਰ ਸਕੂਲ ਸਿੱਖਿਆ